ਦਫਤਰ ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ।
OFFICE OF THE SENIOR SUPERINTENDENT OF POLICE, FEROZEPUR
(E-Mail: dpo.frz.police@punjab.gov.in)

# ***PRESS NOTE***



## ਜਿਲਾ ਪੁਲਿਸ ਫਿਰੋਜ਼ਪੁਰ ਵੱਲੋਂ ਮਾੜੇ ਅਨਸਰਾਂ ਖਿਲਾਫ ਜ਼ਾਰੀ ਮੁਹਿੰਮ ਤਹਿਤ 01 ਔਰਤ ਨੂੰ ਕਾਬੂ ਕਰਕੇ ਉਸ ਪਾਸੋਂ 240 ਗ੍ਰਾਂਮ ਅਫੀਮ ਬਰਾਮਦ ਕੀਤੀ ਗਈ।

**ਫਿਰੋਜ਼ਪੁਰ : 29-06-2023.**

ਸ੍ਰੀ ਭੁਪਿੰਦਰ ਸਿੰਘ, ਪੀ.ਪੀ.ਐਸ, ਸੀਨੀਅਰ ਕਪਤਾਨ ਪੁਲਿਸ, ਫਿਰੋਜ਼ਪੁਰ ਜੀ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਜਾਬ ਸਰਕਾਰ ਅਤੇ ਮਾਨਯੋਗ ਡੀ.ਜੀ.ਪੀ ਪੰਜਾਬ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਵਿਰੋਧੀ ਅਨਸਰਾਂ ਅਤੇ ਸ਼ਰਾਰਤੀ ਅਨਸਰਾਂ ਦੀਆਂ ਵਾਰਦਾਤਾਂ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਲੜੀ ਵਿੱਚ ਜਿਲ੍ਹਾ ਪੁਲਿਸ ਦੁਆਰਾ ਜਿਲ੍ਹਾ ਦੇ ਸਮੂਹ ਗਜਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਪੈਸ਼ਲ ਟੀਮਾਂ ਬਣਾਈਆਂ ਗਈਆਂ ਹਨ, ਜੋ ਮੁਸ਼ਤੈਦੀ ਨਾਲ ਪੂਰੇ ਏਰੀਆ ਅੰਦਰ ਮਾੜੇ ਅਨਸਰਾਂ ਖਿਲਾਫ ਕਾਰਵਾਈ ਕਰ ਰਹੀਆਂ ਹਨ।

ਇਸ ਮੁਹਿੰਮ ਤਹਿਤ ਮਿਤੀ 28-06-2023 ਨੂੰ ਥਾਣਾ ਸਦਰ ਜੀਰਾ ਦੀ ਟੀਮ ਨੂੰ ਸਫਲਤਾ ਹੱਥ ਲੱਗੀ, ਜਿੰਨਾਂ ਵੱਲੋਂ ਕਾਨੂੰਨ ਅਨੁਸਾਰ ਕਾਰਵਾਈ ਕਰਦਿਆਂ 01 ਅਪਰਾਧੀ ਨੂੰ ਕਾਬੂ ਕਰਕੇ ਉਸ ਪਾਸੋਂ 240 ਗ੍ਰਾਂਮ ਅਫੀਮ ਬਰਾਮਦ ਕੀਤੀ ਗਈ। ਜਿਸਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਟੀਮ | ਬਰਾਮਦਗੀ | ਮੁਕੱਦਮਾਂ ਨੰਬਰ | ਦੋਸ਼ੀ |
|---|---|---|---|
| SI ਜੁਗਰਾਜ ਸਿੰਘ, ਥਾਣਾ ਸਦਰ ਫਿਰੋਜ਼ਪੁਰ | 240 ਗ੍ਰਾਮ ਅਫੀਮ | 79 ਮਿਤੀ 28.06.2023 ਅ/ਧ 18/61/85 NDPS ACT ਸਦਰ ਜ਼ੀਰਾ। | ਸੁਖਪਾਲ ਕੌਰ ਉਰਫ ਗੁਰਪ੍ਰੀਤ ਕੌਰ ਪਤਨੀ ਗੁਰਦੇਵ ਸਿੰਘ ਵਾਸੀ ਪਿੰਡ ਵਕੀਲਾਂ ਵਾਲਾ, ਥਾਣਾ ਸਦਰ ਜ਼ੀਰਾ। |